**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਪਹਿਲਾ ਪਾਰਕਿੰਗ ਪਲਾਨ ਵਿਕਸਿਤ ਕਰ ਰਹੀ ਹੈ

*ਨਿਵਾਸੀਆਂ, ਕਾਰੋਬਾਰੀਆਂ ਅਤੇ ਲੋਕਲ ਸਟੇਕਹੋਲਡਰਾਂ ਨੂੰ ਫੀਡਬੈਕ ਦੇਣ ਲਈ ਸੱਦਾ ਦਿੱਤਾ ਗਿਆ ਹੈ*

ਬ੍ਰੈਂਪਟਨ, ਓਨਟੈਰੀਓ (5 ਜਨਵਰੀ, 2022) – ਕਿਉਂਕਿ ਸਿਟੀ ਆਫ ਬ੍ਰੈਂਪਟਨ ਤੇਜ਼ੀ ਨਾਲ ਵਿਕਸਿਤ ਹੋ ਰਹੀ ਹੈ, ਇਸਲਈ ਪੂਰੇ ਸ਼ਹਿਰ ਵਿੱਚ ਲੋਕਾਂ ਦਾ ਘੁੰਮਣ-ਫਿਰਨ ਦਾ ਤਰੀਕਾ ਬਦਲਣਾ ਜਾਰੀ ਹੈ। ਇੰਫਰਾਸਟ੍ਰਕਚਰ ਪਲਾਨਿੰਗ ਵਿੱਚ ਸੁਧਾਰ ਕਰਨ, ਪਾਰਕਿੰਗ ਵਸੀਲਿਆਂ ਦਾ ਪ੍ਰਬੰਧਨ ਕਰਨ ਅਤੇ ਨਿਵਾਸੀਆਂ ਅਤੇ ਕਾਰੋਬਾਰੀਆਂ ਦੀਆਂ ਭਵਿੱਖ ਦੀਆਂ ਲੋੜਾਂ ਦੀ ਹਿਮਾਇਤ ਲਈ, ਸਿਟੀ ਆਫ ਬ੍ਰੈਂਪਟਨ ਪੂਰੇ ਸ਼ਹਿਰ ਦੀ ਪਾਰਕਿੰਗ ਆਪਣੀ ਪਹਿਲੀ ਸਮੀਖਿਆ ਕਰ ਰਹੀ ਹੈ।

ਪਾਰਕਿੰਗ ਸਬੰਧੀ ਲੋੜਾਂ ਨੇ ਸਸਤੇ ਘਰਾਂ, ਵਿਕਾਸ ਸਬੰਧੀ ਖ਼ਰਚਿਆਂ ਅਤੇ ਜ਼ਮੀਨ ਦੀ ਵਰਤੋਂ ਸਬੰਧੀ ਪਲਾਨਿੰਗ ਤੇ ਅਸਰ ਪਾਇਆ ਹੈ। ਇਹ ਪਲਾਨ, ਅਜਿਹੀਆਂ ਸੰਪੂਰਣ, ਸਿਹਤਮੰਦ, ਤੁਰਨਯੋਗ ਕਮਿਉਨਿਟੀਜ ਵਿਕਸਿਤ ਕਰਨ ਲਈ, ਜੋ ਇਹ ਯਕੀਨੀ ਬਣਾਉਂਦੀਆਂ ਹੋਣ ਕਿ ਸਾਰੇ ਸੜਕ ਯੂਜਰਸ ਦੀਆਂ ਲੋੜਾਂ ਅਤੇ ਸੁਰੱਖਿਆ ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਢੁੱਕਵੇਂ ਰੂਪ ਨਾਲ ਉਹਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ, ਨਿਵਾਸੀਆਂ ਅਤੇ ਕਾਰੋਬਾਰੀਆਂ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਵਿੱਚ ਮਦਦ ਕਰੇਗਾ।

ਇਸ ਪ੍ਰਕਿਰਿਆ ਦੇ ਦੁਆਰਾ, ਸਿਟੀ ਮੌਜੂਦਾ ਚੁਣੌਤੀਆਂ ਅਤੇ ਮੌਕਿਆਂ ਦੀ ਸਮੀਖਿਆ ਕਰੇਗੀ ਅਤੇ ਹੋਰਾਂ ਅਧਿਕਾਰ ਖੇਤਰਾਂ ਵਿੱਚ ਬਿਹਤਰ ਪੱਧਤੀਆਂ ਸਥਾਪਤ ਕਰੇਗੀ। ਬ੍ਰੈਂਪਟਨ ਪਾਰਕਿੰਗ ਪਲਾਨ (Brampton Parking Plan), ਮਾਰਗਦਰਸ਼ਨ ਕਰਨ ਵਾਲੇ ਸਿਧਾਂਤ ਅਤੇ ਪਾਲਸੀਜ ਤੇ ਸਿਫਾਰਿਸ਼ਾਂ ਅਤੇ ਭਵਿੱਖ ਲਈ ਪ੍ਰਭਾਵਸ਼ਾਲੀ ਪਾਰਕਿੰਗ ਪ੍ਰਬੰਧਨ ਪ੍ਰਦਾਨ ਕਰੇਗਾ।

**ਬ੍ਰੈਂਪਟਨ ਪਾਰਕਿੰਗ ਪਲਾਨ ਵਿਕਸਿਤ ਕਰਨਾ**

ਪਲਾਨ ਦੇ ਪਹਿਲੇ ਫੇਜ ਵਿੱਚ, ਇੱਕ ਦ੍ਰਿਸ਼ਟੀਕੋਣ ਅਤੇ ਪਾਲਸੀ ਫ੍ਰੇਮਵਰਕ ਵਿਕਸਿਤ ਕਰਨ ਲਈ ਪਾਰਕਿੰਗ ਦੇ ਮੁੱਦਿਆਂ ਅਤੇ ਸਿਟੀ ਦੇ ਵਿਆਪਕ ਆਰਥਿਕ, ਸਮਾਜਿਕ ਅਤੇ ਵਾਤਾਵਰਣ ਸਬੰਧੀ ਟੀਚਿਆਂ ਵਿਚਕਾਰ ਸਬੰਧਾਂ ਦੀ ਸਮੀਖਿਆ ਕੀਤੀ ਜਾਵੇਗੀ।

ਇਸਦੇ ਦੂਜੇ ਫੇਜ ਵਿੱਚ, ਸ਼ਹਿਰ ਦੇ ਅੰਦਰ ਪਾਰਕਿੰਗ ਲਈ ਇੱਕ ਕਾਰੋਬਾਰ ਅਤੇ ਵਿੱਤੀ ਮਾੱਡਲ ਵਾਸਤੇ, ਸਮੀਖਿਆ ਲਈ ਸਿਫਾਰਿਸ਼ਾਂ ਪੇਸ਼ ਕੀਤੀਆਂ ਜਾਣਗੀਆਂ।

ਪਹਿਲੀ ਪਾਰਕਿੰਗ ਸਟ੍ਰੈਟਜੀ (Parking Strategy) ਦੀ ਹਿਮਾਇਤ ਕਰਨ ਲਈ, ਸਿਟੀ ਆਫ ਬ੍ਰੈਂਪਟਨ ਆਈ.ਬੀ.ਆਈ. ਗਰੁੱਪ (IBI Group) ਦੇ ਨਾਲ ਜੁੜੀ ਹੈ। ਇਹ ਪਲਾਨ, ਬ੍ਰੈਂਪਟਨ ਪਲਾਨ (Brampton Plan) ਅਤੇ ਹਾਊਸਿੰਗ ਬ੍ਰੈਂਪਟਨ (Housing Brampton) ਸਮੇਤ, ਹੋਰਾਂ ਮੌਜੂਦਾ ਕਾਰਜਨੀਤੀਆਂ ਦੇ ਮੁਤਾਬਕ ਹੋਵੇਗਾ।

**ਆਪਣੀ ਰਾਏ ਦਿਓ**

ਕਾਰੋਬਾਰੀਆਂ, ਗੈਰ-ਲਾਭ ਸਮੂਹਾਂ ਅਤੇ ਟੈਕਸੀ ਅਤੇ ਟਰਕਿੰਗ ਇੰਡਸਟ੍ਰੀਜ ਸਮੇਤ, ਨਿਵਾਸੀਆਂ ਅਤੇ ਸਟੇਕਹੋਲਡਰਾਂ ਨੂੰ, ਸਟਡੀ ਬਾਰੇ ਹੋਰ ਜਾਣਨ ਅਤੇ

ਫੀਡਬੈਕ ਪ੍ਰਦਾਨ ਕਰਨ ਲਈ, ਵੀਰਵਾਰ, 13 ਜਨਵਰੀ ਨੂੰ ਸ਼ਾਮ 6 ਤੋਂ 8 ਵਜੇ ਤੱਕ, ਇੱਕ ਔਨਲਾਈਨ ਸ਼ਮੂਲੀਅਤ ਸੈਸ਼ਨ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ।

ਔਨਲਾਈਨ ਸਰਵੇਖਣ ਵੀ 28 ਜਨਵਰੀ ਤੱਕ ਉਪਲਬਧ ਹੋਣਗੇ।
ਕਾਰਜਕਰਮ ਵਾਸਤੇ ਰਜਿਸਟਰ ਕਰਨ, ਸਰਵੇਖਣ ਪੂਰਾ ਕਰਨ ਅਤੇ ਹੋਰ ਜਾਣਨ ਲਈ, brampton.ca/parkingplan ਤੇ ਜਾਓ।

**ਹਵਾਲੇ**

"ਹਾਲੀਆ ਸਾਲਾਂ ਵਿੱਚ, ਬ੍ਰੈਂਪਟਨ ਨੇ ਟ੍ਰਾਂਸਪੋਰਟੇਸ਼ਨ ਕੋਰੀਡੋਰਾਂ ਦੇ ਨਾਲ-ਨਾਲ ਵੱਡਾ ਤੀਬਰੀਕਰਨ ਅਤੇ ਟ੍ਰਾਂਜ਼ਿਟ ਰਾਈਡਰਸ਼ਿਪ ਵਿੱਚ ਕਾਫੀ ਵਾਧਾ ਦੇਖਿਆ ਹੈ। ਅੱਗੇ ਵਧਦੇ ਹੋਏ, ਇਹ ਮਹੱਤਵਪੂਰਣ ਹੈ ਕਿ ਅਸੀਂ ਇਹ ਸਮਝਣ ਵਾਸਤੇ ਸਟੇਕਹੋਲਡਰਾਂ ਦੇ ਨਾਲ ਜੁੜੀਏ ਕਿ ਇਸ ਵੇਲੇ ਸਾਡੀਆਂ ਸੜਕਾਂ ਦੀ ਵਰਤੋਂ ਕਿਵੇਂ ਹੋ ਰਹੀ ਹੈ ਅਤੇ ਅਸੀਂ ਭਵਿੱਖ ਲਈ ਵਧੀਆ ਯੋਜਨਾ ਕਿਵੇਂ ਬਣਾ ਸਕਦੇ ਹਾਂ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਸ਼ਮੂਲੀਅਤ ਸੈਸ਼ਨ ਵਿੱਚ ਹਿੱਸਾ ਲਵੋ ਜਾਂ ਫੀਡਬੈਕ ਪ੍ਰਦਾਨ ਕਰਨ ਲਈ ਸਾਡਾ ਸਰਵੇਖਣ ਪੂਰਾ ਕਰੋ ਅਤੇ ਇਸ ਪ੍ਰਕਿਰਿਆ ਦਾ ਹਿੱਸਾ ਬਣੋ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਪਾਰਕਿੰਗ ਪਲਾਨ, ਸਾਨੂੰ ਭਵਿੱਖ ਲਈ ਕਾਰਜਨੀਤੀ ਬਣਾਉਣ ਵਾਸਤੇ ਲੋੜੀਂਦੀ ਜਾਣਕਾਰੀ ਪ੍ਰਦਾਨ ਕਰੇਗਾ। ਅਸੀਂ ਸਾਰੇ ਨਿਵਾਸੀਆਂ ਅਤੇ ਸਟੇਕਹੋਲਡਰਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਪਲਾਨ ਵਿੱਚ ਮਦਦ ਕਰਨ ਲਈ ਇਸ ਪ੍ਰਕਿਰਿਆ ਵਿੱਚ ਹਿੱਸਾ ਲੈਣ ਅਤੇ ਦੱਸਣ ਕਿ ਬ੍ਰੈਂਪਟਨ ਦੇ ਲਗਾਤਾਰ ਅੱਗੇ ਵਧਣ ਨਾਲ ਪਾਰਕਿੰਗ ਦੀ ਲੋੜ ਕਿਵੇਂ ਵਧੇਗੀ।"

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਪਲਾਨਿੰਗ ਐਂਡ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਦਾ ਪਾਰਕਿੰਗ ਪਲਾਨ, ਸਾਨੂੰ ਪਾਰਕਿੰਗ ਸਬੰਧੀ ਮੌਕਿਆਂ ਅਤੇ ਵੱਧ ਸਮਾਰਟ ਅਤੇ ਵੱਧ ਪ੍ਰਭਾਵਸ਼ਾਲੀ ਤਰੀਕੇ ਨਾਲ ਪਲਾਨ ਦੀ ਪਛਾਣ ਕਰਨ ਲਈ ਲੋੜੀਂਦੀ ਜ਼ਰੂਰੀ ਜਾਣਕਾਰੀ ਪ੍ਰਦਾਨ ਕਰੇਗਾ। ਸਾਡੇ ਮਿਉਨਿਸਿਪਲ ਭਾਈਵਾਲਾਂ ਅਤੇ ਕਮਿਉਨਿਟੀ ਦੇ ਮੈਂਬਰਾਂ ਦੇ ਨਾਲ ਕੰਮ ਕਰਕੇ ਅਸੀਂ, ਬ੍ਰੈਂਪਟਨ ਦੀਆਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਦਰਸਾਉਣ ਵਾਲਾ ਵਿਆਪਕ ਪਲਾਨ ਵਿਕਸਿਤ ਕਰਨ ਯੋਗ ਹੋਵਾਂਗੇ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

BRAMPTON

Media Release

**ਮੀਡੀਆ ਸੰਪਰਕ**
ਪ੍ਰਭਜੋਤ ਕੈਂਥ (Prabhjot Kainth)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Prabhjot.Kainth@brampton.ca